# ਮੈਂ ਹਾਦਸਿਆਂ ਦੀ ਰਿਪੋਰਟ ਕਿਵੇਂ ਕਰਾਂ? (How do I report accidents?)

ਦ' ਰਿਪੋਰਟਿੰਗ ਆਫ ਇੰਜਰੀਜ ਡਿਸੀਜਿਜ ਐਂਡ ਡੇਂਜਰੱਸ ਅਕੱਰੈਂਸਿਜ ਰੈਗੂਲੇਸ਼ਨਜ 1995 (ਆਰਆਈਡੀਡੀਓਆਰ) ਵੱਡੀਆਂ ਸੱਟ-ਚੋਟਾਂ, 3 ਦਿਨਾਂ ਤੋਂ ਲੰਮੇਰੀ ਸੱਟ-ਚੋਟ, ਨਿਸ਼ਚਤ ਬਿਮਾਰੀਆਂ ਅਤੇ ਨਿਸ਼ਚਤ ਖਤਰਨਾਕ ਦੁਰਘਟਨਾਵਾਂ ਦੀ ਰਿਪੋਰਟ ਕੀਤੇ ਜਾਣ ਦੀ ਮੰਗ ਕਰਦੀਆਂ ਹਨ।

ਸਾਰੇ ਹਾਦਸੇ, ਬਿਮਾਰੀਆਂ ਅਤੇ ਖਤਰਨਾਕ ਦੁਰਘਟਨਾਵਾਂ ਦੀ ਰਿਪੋਰਟ ਇੰਸੀਡੈਂਟ ਕਾਨਟੈਕਟ ਸੈਂਟਰ (ਆਈਸੀਸੀ) ਕੋਲ ਕੀਤੀ ਜਾ ਸਕਦੀ ਹੈ। ਇੰਸੀਡੈਂਟ ਕਾਨਟੈਕਟ ਸੈਂਟਰ ਯੂਕੇ ਵਿਚ ਸਾਰੀਆਂ ਘਟਨਾਵਾਂ ਦੀ ਰਿਪੋਰਟ ਕਰ ਸਕਣ ਵਾਸਤੇ ਸੰਪਰਕ ਦੇ ਇਕੈਹਰੇ ਸਥਾਨ ਵਜੋਂ 1 ਅਪ੍ਰੈਲ 2001 ਨੂੰ ਸਥਾਪਤ ਕੀਤਾ ਗਿਆ ਸੀ।

ਤੁਸੀਂ ਘਟਨਾਵਾਂ ਦੀ ਰਿਪੋਰਟ ਹੇਠ ਲਿਖੇ ਕਿਸੇ ਵੀ ਢੰਗ ਰਾਹੀਂ ਕਰ ਸਕਦੇ ਹੋ:

**ਟੈਲੀਫੋਨ:** 0845 3009923 (ਸੋਮਵਾਰ ਤੋਂ ਸ਼ੁਕਰਵਾਰ ਤੱਕ 8.30 ਤੋਂ 5.00 ਵਜੇ ਦੇ ਵਿਚਕਾਰ)
**ਇੰਟਰਨੈਟ:** www.riddor.gov.uk
**ਫੈਕਸ:** - 0845 3009924 (ਫੈਕਸ ਰਿਪੋਰਟਿੰਗ ਫਾਰਮ) ਜਾਂ
**ਡਾਕ ਰਾਹੀਂ:** Incident Contact Centre, Caerphilly Business Park, Caerphilly, CF83 3GG

ਤੁਸੀਂ ਸਬੰਧਤ ਹਾਰਡ ਕਾਪੀ ਫਾਰਮ ਨੂੰ ਮੁਕੰਮਲ ਕਰਨ ਤੋਂ ਬਾਅਦ ਇਹ ਉਨ੍ਹਾਂ ਨੂੰ ਭੇਜਕੇ ਸਿੱਧੇ ਆਪਣੇ ਸਥਾਨਕ ਐਚਐਸਈ ਦਫਤਰ ਜਾਂ ਲੋਕਲ ਅਥਾਰਟੀ ਕੋਲ ਰਿਪੋਰਟ ਕਰ ਸਕਦੇ ਹੋ। ਇਹ ਫਾਰਮ ਹਨ:

- ਐਫ2508 – ਸੱਟ-ਚੋਟ ਜਾਂ ਖਤਰਨਾਕ ਦੁਰਘਟਨਾ ਦੀ ਰਿਪੋਰਟ ਕਰਨ ਲਈ
- ਐਫ2508ਏ – ਬਿਮਾਰੀ ਦਾ ਕੇਸ ਰਿਪੋਰਟ ਕਰਨ ਲਈ
- ਐਫ2508ਜੀ1 – ਗੈਸ ਨਾਲ ਅੱਗ ਲੱਗਣ ਦੀ ਘਟਨਾ ਦੀ ਰਿਪੋਰਟ ਕਰਨ ਲਈ
- ਐਫ2508ਜੀ2 – ਖਤਰਨਾਕ ਗੈਸ ਫਿਟਿੰਗ ਦੀ ਰਿਪੋਰਟ ਕਰਨ ਲਈ
- ਐਫ2508ਓਆਈਆਰ9ਬੀ – ਆਫਸ਼ੋਰ ਵਿਖੇ ਸੱਟ-ਚੋਟ ਜਾਂ ਖਤਰਨਾਕ ਦੁਰਘਟਨਾਵਾਂ ਦੀ ਰਿਪੋਰਟ ਕਰਨ ਲਈ

ਇਨ੍ਹਾਂ ਰਿਪੋਰਟਾਂ ਤੇ ਅਮਲ ਕਰਨ ਲਈ ਆਈਸੀਸੀ ਦੇ ਸਪੁਰਦ ਕਰ ਦਿੱਤੀਆਂ ਜਾਣਗੀਆਂ।